Tender Heart High School, Class-V (Punjabi)

Chapter-3 Gurpreet Kaur

(1)

ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ ਗੁਰਪ੍ਰੀਤ ਕੌਰ ਅੱਜ ਤੁਹਾਨੂੰ ਪੰਜਾਬੀ ਸਾਹਿਤ ਦੇ ਵਿਸ਼ੇ ਨਾਲ ਸੰਬੰਧਿਤ ਪਾਠ-3 'ਸ਼ਹੀਦ ਭਗਤ ਸਿੰਘ' ਦੇ ਪਿਛਲੀ ਅਭਿਆਸਮਾਲਾ ਬਾਰੇ ਜਾਣਕਾਰੀ ਦੇਵਾਂਗੀ। ਇਹ ਅਭਿਆਸਮਾਲਾ ਤੁਹਾਡੀ ਪੰਜਾਬੀ ਦੀ ਪਾਠ-ਪੁਸਤਕ "ਕਿੱਰਲੀ" ਦੇ ਪੰਨਾ ਨੰਬਰ 16, 17, 18 ਉੱਤੇ ਦਰਜ ਹੈ। ਜੇ, ਸਾਰੇ ਵਿਦਿਆਰਥੀ ਤਿਆਰ ਹਨ ਤਾਂ ਆਓ ਪੜ੍ਹਨਾ ਸ਼ੁਰੂ ਕਰੀਏ। ਸਭ ਤੋਂ ਪਹਿਲਾਂ ਅਸੀਂ ਬਹੁ-ਵਿਕਲਪੀ ਪ੍ਰਸ਼ਨ ਹੱਲ ਕਰਾਂਗੇ।

## ਬਹੁ ਵਿਕਲਪੀ ਪ੍ਰਸ਼ਨ :-

ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਹੇਠਾਂ ਦਿੱਤੇ ਖਾਨਿਆਂ ਵਿੱਚ ਟਿੱਕ (✓) ਕਰੋ—

(ੳ) ਭਗਤ ਸਿੰਘ ਦਾ ਪਿੰਡ ਕਿਹੜੇ ਜ਼ਿਲ੍ਹੇ ਵਿੱਚ ਹੈ?

ਜਲੰਧਰ ☐ ਸ਼ਹੀਦ ਭਗਤ ਸਿੰਘ ਨਗਰ ☑ ਹੁਸ਼ਿਆਰਪੁਰ

(ਅ) ਭਗਤ ਸਿੰਘ ਨੂੰ ਕਿਹੜੀ ਚੀਜ਼ ਚੰਗੀ ਨਹੀਂ ਸੀ ਲਗਦੀ?

ਗ਼ੁਲਾਮੀ ☑ ਅਜ਼ਾਦੀ ☐ ਮੁਕਤੀ

(ੲ) ਭਗਤ ਸਿੰਘ ਖੇਤ ਵਿੱਚ ਆਪਣੇ ਵੱਲੋਂ ਕੀ ਬੀਜ ਰਿਹਾ ਸੀ?

ਬੰਬ ☐ ਬੰਦੂਕਾਂ ☑ ਤਲਵਾਰਾਂ

(ਸ) ਭਗਤ ਸਿੰਘ ਕਿਨ੍ਹਾਂ ਨੂੰ ਦੇਸ਼ ਵਿੱਚੋਂ ਕੱਢਣਾ ਚਾਹੁੰਦਾ ਸੀ?

ਅੰਗਰੇਜ਼ਾਂ ਨੂੰ ☑ ਮੁਸਲਮਾਨਾਂ ਨੂੰ ☐ ਹਿੰਦੂਆਂ ਨੂੰ




1. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:

(ੳ) ਭਗਤ ਸਿੰਘ ਦੇ ਪਿੰਡ ਦਾ ਨਾਂ ਲਿਖੋ।

ਖੱਟਕੜ ਕਲਾਂ।

Chapter - 3

(ਅ) ਭਗਤ ਸਿੰਘ ਦਾ ਪਰਿਵਾਰ ਕਿਨ੍ਹਾਂ ਦਾ ਪਰਿਵਾਰ ਅਖਵਾਉਂਦਾ ਸੀ। (2)

ਦੇਸ਼ ਭਗਤਾਂ ਦਾ ।

(ੲ) ਭਗਤ ਸਿੰਘ ਦੇ ਪਿਤਾ ਅਤੇ ਮਾਤਾ ਦਾ ਨਾਂ ਲਿਖੋ।

ਪਿਤਾ ਦਾ ਨਾਂ ਕਿਸ਼ਨ ਸਿੰਘ ਅਤੇ ਮਾਤਾ ਦਾ ਨਾਂ ਵਿਦਿਆਵਤੀ।

(ਸ) ਭਾਰਤ ਕਦੋਂ ਅਜ਼ਾਦ ਹੋਇਆ ?

15 ਅਗੱਸਤ, 1947 ਨੂੰ ।

2. ਹੇਠਾਂ ਦਿੱਤੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ—

| ਸ਼ਬਦ | ਵਾਕ |
|---|---|
| ਉੱਘਾ | ਭਗਤ ਸਿੰਘ ਇੱਕ ਉੱਘਾ ਦੇਸ਼-ਭਗਤ ਸੀ। |
| ਪਰਿਵਾਰ | ਮੈਂ ਆਪਣੇ ਪਰਿਵਾਰ ਨੂੰ ਪਿਆਰ ਕਰਦਾ ਹਾਂ । |
| ਬਚਪਨ | ਬਚਪਨ ਵਿੱਚ ਬੱਚੇ ਬਹੁਤ ਸ਼ਰਾਰਤਾਂ ਕਰਦੇ ਹਨ। |
| ਤੀਲ੍ਹੇ | ਭਗਤ ਸਿੰਘ ਤੀਲ੍ਹੇ ਗੱਡ ਰਿਹਾ ਸੀ। |

3. ਹੇਠਾਂ ਦਿੱਤੇ ਸ਼ਬਦਾਂ ਨੂੰ ਸਾਹਮਣੇ ਦਿੱਤੇ ਅਰਥਾਂ ਨਾਲ ਮੇਲੋ—

| | |
|---|---|
| 1. ਉੱਘਾ | ਹਿੱਸਾ 4. |
| 2. ਲਗਨ | ਅਧੀਨਗੀ 5. |
| 3. ਗੋਰੇ | ਚੇਟਕ 2. |
| 4. ਯੋਗਦਾਨ | ਅੰਗਰੇਜ਼ 3. |
| 5. ਗ਼ੁਲਾਮੀ | ਮਸ਼ਹੂਰ 1. |

4. ਹੇਠ ਦਿੱਤੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ—

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਪਿੰਡ | गांव | Village |
| ਪਿਤਾ | पिता | father |
| ਪਰਿਵਾਰ | परिवार | family |
| ਬੰਦੂਕ | बन्दूक | Gun |
| ਚਾਚਾ | चाचा | uncle |

Tender Heart High School, Class- V (Punjabi) Gurpreet Kaur

## Chapter-3

Last page-(3)

**5. ਹੇਠਾਂ ਦਿੱਤੇ ਵਾਕਾਂ ਦੇ ਸਾਹਮਣੇ ਠੀਕ (✓) ਗਲਤ (✗) ਦੇ ਨਿਸ਼ਾਨ ਲਗਾਓ।**

(ੳ) ਭਗਤ ਸਿੰਘ ਇੱਕ ਦੇਸ਼-ਭਗਤ ਸੀ। (✓)

(ਅ) ਭਗਤ ਸਿੰਘ ਤਲਵਾਰ ਨਾਲ਼ ਗੋਰਿਆਂ ਨੂੰ ਮਾਰਨਾ ਚਾਹੁੰਦਾ ਸੀ। (✗)

(ੲ) ਭਗਤ ਸਿੰਘ ਦੇ ਚਾਚੇ ਦਾ ਨਾਂ ਅਜੀਤ ਸਿੰਘ ਸੀ। (✓)

(ਸ) ਭਾਰਤ 26 ਜਨਵਰੀ ਨੂੰ ਅਜ਼ਾਦ ਹੋਇਆ। (✗)

## ਵਿਆਕਰਨ

**1. ਹੇਠਾਂ ਦਿੱਤੇ ਸ਼ਬਦਾਂ ਦੇ ਲਿੰਗ ਬਦਲੋ—**

| ਪੁਲਿੰਗ | ਇਸਤਰੀ ਲਿੰਗ | | |
|---|---|---|---|
| ਪਿਤਾ | ਮਾਤਾ | ਭਰਾ | ਭੈਣ, ਭਰਜਾਈ |
| ਮੁੰਡਾ | ਕੁੜੀ | ਬੱਚਾ | ਬੱਚੀ |
| ਚਾਚਾ | ਚਾਚੀ | | |

**2. ਹੇਠਾਂ ਦਿੱਤੇ ਸ਼ਬਦਾਂ ਦੇ ਵਚਨ ਬਦਲੋ—**

| ਇੱਕ-ਵਚਨ | ਬਹੁ-ਵਚਨ | | |
|---|---|---|---|
| ਪਿੰਡ | ਪਿੰਡਾਂ | ਛੋਟਾ | ਛੋਟੇ |
| ਭਗਤ | ਭਗਤਾਂ | ਖੇਤ | ਖੇਤਾਂ |
| ਬੰਦੂਕ | ਬੰਦੂਕਾਂ | | |

## ਰਚਨਾਤਮਕ ਗਤੀਵਿਧੀਆਂ

**ਭਗਤ ਸਿੰਘ ਬਾਰੇ ਪੰਜ ਵਾਕ ਲਿਖੋ।**

(ੳ) ਭਗਤ ਸਿੰਘ ਪੰਜਾਬ ਦਾ ਰਹਿਣ ਵਾਲਾ ਸੀ।

(ਅ) ਉਸਦੇ ਪਿਤਾ ਦਾ ਨਾਂ ਸ: ਕਿਸ਼ਨ ਸਿੰਘ ਸੀ।

(ੲ) ਉਸਦੀ ਮਾਤਾ ਦਾ ਨਾਂ ਵਿਦਿਆਵਤੀ ਸੀ।

(ਸ) ਉਸਨੂੰ ਫ਼ਾਂਸੀ 23 ਮਾਰਚ, 1931 ਨੂੰ ਦਿੱਤੀ ਸੀ।

ਸਾਰੇ ਵਿਦਿਆਰਥੀ ਇਸ ਅਭਿਆਸ ਨੂੰ ਧਿਆਨ ਨਾਲ ਹੱਲ ਕਰਨ। ਧੰਨਵਾਦ।